BRAMPTON Flower City brampton.ca

media release

17 ਅਪ੍ਰੈਲ, 2018

# ਬ੍ਰੈਂਪਟਨ ਦੀਆਂ 2018 ਦੀਆਂ ਮਿਊਨਿਸਿਪਲ ਚੋਣਾਂ ਲਈ ਉਮੀਦਵਾਰ ਨਾਮਾਂਕਨ ਅਤੇ ਤੀਜੀ ਧਿਰ ਵਿਗਿਆਪਕ ਰਜਿਸਟਰੇਸ਼ਨ 1 ਮਈ ਨੂੰ ਸ਼ੁਰੂ ਹੋਣਗੇ

ਬ੍ਰੈਂਪਟਨ, ਓਨਟੈਰੀਓ – 1 ਮਈ, 2018 ਨੂੰ, ਸਿਟੀ ਆਫ ਬ੍ਰੈਂਪਟਨ ਦੇ ਕਲਰਕ ਦਾ ਦਫ਼ਤਰ (City of Brampton Clerk's Office) 2018 ਦੀਆਂ ਮਿਊਨਿਸਿਪਲ ਚੋਣਾਂ (2018 Municipal Election) ਲਈ ਉਮੀਦਵਾਰ ਨਾਮਾਂਕਨ ਅਤੇ ਤੀਜੀ ਧਿਰ ਵਿਗਿਆਪਕ (ਇਸ਼ਤਿਹਾਰ ਦੇਣ ਵਾਲੇ) ਰਜਿਸਟਰੇਸ਼ਨ ਸਵੀਕਾਰ ਕਰਨਾ ਸ਼ੁਰੂ ਕਰੇਗਾ।

ਉਮੀਦਵਾਰਾਂ ਲਈ ਨਾਮਾਂਕਨ ਮਿਆਦ 1 ਮਈ, 2018 ਨੂੰ ਸ਼ੁਰੂ ਹੋਵੇਗੀ ਅਤੇ 27 ਜੁਲਾਈ, 2018 ਨੂੰ ਦੁਪਹਿਰ ਬਾਅਦ 2 ਵਜੇ ਖ਼ਤਮ ਹੋਵੇਗੀ।

ਤੀਜੀ ਧਿਰ ਵਿਗਿਆਪਕਾਂ ਲਈ ਰਜਿਸਟਰੇਸ਼ਨ ਮਿਆਦ 1 ਮਈ, 2018 ਨੂੰ ਸ਼ੁਰੂ ਹੋਵੇਗੀ ਅਤੇ 19 ਅਕਤੂਬਰ, 2018 ਨੂੰ ਖ਼ਤਮ ਹੋਵੇਗੀ।

ਉਮੀਦਵਾਰਾਂ ਅਤੇ ਤੀਜੀ ਧਿਰ ਵਿਗਿਆਪਕਾਂ  ਲਈ ਆਮ ਗਾਈਡਲਾਈਨਾਂ ਬਾਰੇ ਇੱਕ ਪੇਸ਼ਕਾਰੀ ਸਿਟੀ ਦੀ website (ਵੈਬਸਾਈਟ) 'ਤੇ ਉਪਲਬਧ ਹੈ।

**ਉਮੀਦਵਾਰ**

ਸਿਟੀ ਇਹਨਾਂ ਦਫ਼ਤਰਾਂ ਲਈ ਨਾਮਾਂਕਨ ਸਵੀਕਾਰ ਕਰੇਗੀ:

- ਮੇਅਰ
- ਰੀਜਨਲ ਕਾਉਂਸਲਰ
- ਸਿਟੀ ਕਾਉਂਸਲਰ
- ਇਹਨਾਂ ਲਈ ਸਕੂਲ ਬੋਰਡ ਟ੍ਰਸਟੀ:
  - ਪੀਲ ਡਿਸਟ੍ਰਿਕਟ ਸਕੂਲ ਬੋਰਡ (Peel District School Board)
  - ਡਫਰਿਨ-ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (Dufferin-Peel Catholic District School Board)
  - ਮੋਨਅਵੇਨਿਰ ਕੈਥੋਲਿਕ ਸਕੂਲ ਬੋਰਡ (Conseil scolaire catholique MonAvenir) (ਪਹਿਲਾਂ ਇਸਦਾ ਨਾਮ ਸਾਊਥ ਸੈਂਟਰਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (Conseil scolaire de district catholique Centre-Sud) ਸੀ)

ਸਕੂਲ ਟ੍ਰਸਟੀ ਬੋਰਡ (School Board Trustee), ਵਾਇਆਮੋਂਡੇ ਸਕੂਲ ਬੋਰਡ  (Conseil scolaire Viamonde) ਦੇ ਦਫ਼ਤਰ ਲਈ ਨਾਮਾਂਕਨ ਨਿਯਮਿਤ ਦਫ਼ਤਰ ਸਮੇਂ ਦੇ ਦੌਰਾਨ, ਸਿਟੀ ਆਫ ਮਿਸੀਸਾਗਾ, 300 ਸਿਟੀ ਸੈਂਟਰ ਡ੍ਰਾਈਵ, ਮਿਸੀਸਾਗਾ (City of Mississauga, 300 City Centre Drive, Mississauga) ਵੱਲੋਂ ਸਵੀਕਾਰ ਕੀਤੇ ਜਾਣਗੇ।

2018 ਵਿੱਚ ਪਹਿਲੀ ਵਾਰ,  ਰੀਜਨ ਆਫ ਪੀਲ ਮੁਖੀ (Region of Peel Chair) ਨੂੰ ਆਮ ਵੋਟ ਰਾਹੀਂ ਚੁਣਿਆ ਜਾਏਗਾ। ਇਸ ਦਫ਼ਤਰ ਲਈ ਨਾਮਾਂਕਨ ਨਿਯਮਿਤ ਦਫ਼ਤਰ ਸਮੇਂ ਦੇ ਦੌਰਾਨ, ਰੀਜਨ ਆਫ ਪੀਲ, 10 ਪੀਲ ਸੈਂਟਰ ਡ੍ਰਾਈਵ, ਬ੍ਰੈਂਪਟਨ (Region of Peel, 10 Peel Centre Drive, Brampton) ਵੱਲੋਂ ਸਵੀਕਾਰ ਕੀਤੇ ਜਾਣਗੇ।

Nomination forms and information packages for candidates (ਉਮੀਦਵਾਰਾਂ ਲਈ ਨਾਮਾਂਕਨ ਫਾਰਮ ਅਤੇ ਜਾਣਕਾਰੀ ਪੈਕੇਜ) ਹੁਣ ਔਨਲਾਈਨ ਉਪਲਬਧ ਹਨ, ਅਤੇ ਪ੍ਰਿੰਟਿਡ ਕਾਪੀਆਂ ਜਲਦੀ ਹੀ ਬ੍ਰੈਂਪਟਨ ਸਿਟੀ ਹਾਲ (Brampton City Hall) ਵਿੱਚ ਸਿਟੀ ਕਲਰਕ ਦੇ ਆਫਿਸ (City Clerk's Office) ਵਿਖੇ ਉਪਲਬਧ ਹੋਣਗੀਆਂ। ਫਾਰਮ 1 ਮਈ ਤੋਂ ਸ਼ੁਰੂ ਕਰਦੇ ਹੋਏ ਕਾਰਜਦਿਨਾਂ ਨੂੰ ਸਵੇਰੇ 8:30 ਵਜੇ – ਸ਼ਾਮ 4:30 ਵਜੇ ਤੱਕ,

BRAMPTON Flower City brampton.ca

media release

27 ਜੁਲਾਈ, 2018 ਨੂੰ ਦੁਪਹਿਰ ਬਾਅਦ 2 ਵਜੇ ਤੱਕ, ਨਿਯਮਿਤ ਦਫ਼ਤਰ ਸਮੇਂ ਦੇ ਦੌਰਾਨ ਖੁਦ ਆ ਕੇ (ਜਾਂ ਕਿਸੇ ਏਜੰਟ ਦੁਆਰਾ) ਫਾਈਲ ਕੀਤੇ ਜਾਣੇ ਲਾਜ਼ਮੀ ਹਨ।

ਫਾਈਲ ਕਰਨ ਦੇ ਸਮੇਂ, ਫੀਸ (ਮੇਅਰ ਲਈ $200.00, ਹੋਰ ਸਾਰੀਆਂ ਪੋਜੀਸ਼ਨਾਂ ਲਈ $100.00) ਦਾ ਭੁਗਤਾਨ ਨਕਦ, ਡੈਬਿਟ ਕਾਰਡ, ਸਰਟੀਫਾਇਡ ਚੈੱਕ ਜਾਂ ਮਨੀ ਆਰਡਰ ਨਾਲ ਕੀਤਾ ਜਾ ਸਕਦਾ ਹੈ। ਬਿਨੈਕਾਰਾਂ ਲਈ ਨਾਮ ਦਾ ਸਬੂਤ ਅਤੇ ਯੋਗਤਾ (ਕਵਾਲੀਫਾਇੰਗ) ਪਤਾ ਮੁਹੱਈਆ ਕਰਨਾ ਲਾਜ਼ਮੀ ਹੈ। ਸਿਰਫ਼ ਮੂਲ ਦਸਤਾਵੇਜ਼ ਹੀ ਸਵੀਕਾਰ ਕੀਤੇ ਜਾਣਗੇ; ਫੈਕਸ ਜਾਂ ਹੋਰ ਇਲੈਕਟ੍ਰੌਨਿਕ ਸੰਸਕਰਨਾਂ ਦੀ ਇਜਾਜ਼ਤ ਨਹੀਂ ਹੈ। ਸਾਰੇ ਸੰਭਾਵੀ ਉਮੀਦਵਾਰਾਂ ਲਈ ਚੋਣਾਂ ਦੇ ਉਦੇਸ਼ਾਂ ਲਈ ਕੋਈ ਵੀ ਮੁਹਿੰਮ ਯੋਗਦਾਨ ਪ੍ਰਾਪਤ ਕਰਨ ਜਾਂ ਕੋਈ ਵੀ ਫੰਡ ਖ਼ਰਚ ਕਰਨ ਤੋਂ ਪਹਿਲਾਂ ਆਪਣਾ ਨਾਮਾਂਕਨ ਪੇਪਰ (Nomination Paper) ਅਤੇ ਨਾਮਾਂਕਨ ਦਾ ਪਿਠਾਂਕਣ (ਐਨਡੋਰਸਮੈਂਟ) (Endorsement of Nomination) ਫਾਰਮ ਫਾਈਲ ਕਰਨਾ ਲਾਜ਼ਮੀ ਹੈ। ਸਕੂਲ ਬੋਰਡ ਟ੍ਰਸਟੀ ਉਮੀਦਵਾਰਾਂ ਨੂੰ ਨਾਮਾਂਕਨ ਦਾ ਪਿਠਾਂਕਣ ਫਾਰਮ ਫਾਈਲ ਕਰਨ ਦੀ ਲੋੜ ਨਹੀਂ ਹੈ।

**ਤੀਜੀ ਧਿਰ ਵਿਗਿਆਪਕ**

2018 ਦੀਆਂ ਮਿਊਨਿਸਿਪਲ ਚੋਣਾਂ ਵਿੱਚ ਤੀਜੀ ਧਿਰ ਵਿਗਿਆਪਕਾਂ ਦਾ ਰਜਿਸਟਰੇਸ਼ਨ ਨਵਾਂ ਹੈ। ਕੋਈ ਵੀ ਵਿਅਕਤੀ, ਕਾਰਪੋਰੇਸ਼ਨ ਜਾਂ ਟ੍ਰੇਡ ਯੂਨੀਅਨ, ਜੋ ਪ੍ਰਸਾਰਨ, ਪ੍ਰਿੰਟ, ਇਲੈਕ੍ਰੋਨਿਕ ਜਾਂ ਕਿਸੇ ਹੋਰ ਮਾਧਿਅਮ ਨਾਲ ਆਪਣੇ ਇਸ਼ਤਿਹਾਰ ਦੇਣਾ ਚਾਹੁੰਦੀ ਹੈ, ਕਿਸੇ ਉਮੀਦਵਾਰ ਦੀ ਹਿਮਾਇਤ ਜਾਂ ਵਿਰੋਧ ਕਰਨਾ ਚਾਹੁੰਦੀ ਹੈ, ਨੂੰ ਸਿਟੀ ਨਾਲ ਰਜਿਸਟਰ ਕਰਨ ਦੀ ਲੋੜ ਹੈ।

Registration forms and information packages (ਰਜਿਸਟਰੇਸ਼ਨ ਫਾਰਮ ਅਤੇ ਜਾਣਕਾਰੀ ਪੈਕੇਜ) ਹੁਣ ਔਨਲਾਈਨ ਉਪਲਬਧ ਹਨ, ਅਤੇ ਪ੍ਰਿੰਟਿਡ ਕਾਪੀਆਂ ਜਲਦੀ ਹੀ ਬ੍ਰੈਂਪਟਨ ਸਿਟੀ ਹਾਲ (Brampton City Hall) ਵਿੱਚ ਸਿਟੀ ਕਲਰਕ ਦੇ ਆਫਿਸ (City Clerk's Office) ਵਿਖੇ ਉਪਲਬਧ ਹੋਣਗੀਆਂ। ਰਜਿਸਟਰੇਸ਼ਨ 1 ਮਈ ਤੋਂ ਸ਼ੁਰੂ ਕਰਦੇ ਹੋਏ ਕਾਰਜਦਿਨਾਂ ਨੂੰ ਸਵੇਰੇ 8:30 ਵਜੇ – ਸ਼ਾਮ 4:30 ਵਜੇ ਤੱਕ, 19 ਅਕਤੂਬਰ, 2018 ਤੱਕ, ਨਿਯਮਿਤ ਦਫ਼ਤਰ ਸਮੇਂ ਦੇ ਦੌਰਾਨ ਖੁਦ ਆ ਕੇ (ਜਾਂ ਕਿਸੇ ਏਜੰਟ ਦੁਆਰਾ) ਫਾਈਲ ਕੀਤੇ ਜਾਣੇ ਲਾਜ਼ਮੀ ਹਨ। ਬਿਨੈਕਾਰਾਂ ਲਈ ਪਛਾਣ ਮੁਹੱਈਆ ਕਰਨੀ ਲਾਜ਼ਮੀ ਹੈ। ਸਿਰਫ਼ ਮੂਲ ਦਸਤਾਵੇਜ਼ ਹੀ ਸਵੀਕਾਰ ਕੀਤੇ ਜਾਣਗੇ; ਫੈਕਸ ਜਾਂ ਹੋਰ ਇਲੈਕਟ੍ਰੌਨਿਕ ਸੰਸਕਰਨਾਂ ਦੀ ਇਜਾਜ਼ਤ ਨਹੀਂ ਹੈ। ਤੀਜੀ ਧਿਰ ਵਿਗਿਆਪਕਾਂ ਨੂੰ ਆਪਣੇ ਰਜਿਸਟਰੇਸ਼ਨ ਪੇਪਰ ਚੋਣਾਂ ਦੇ ਉਦੇਸ਼ਾਂ ਲਈ ਕੋਈ ਵੀ ਮੁਹਿੰਮ ਯੋਗਦਾਨ ਪ੍ਰਾਪਤ ਕਰਨ ਜਾਂ ਕੋਈ ਵੀ ਫੰਡ ਖ਼ਰਚ ਕਰਨ ਤੋਂ ਪਹਿਲਾਂ ਫਾਈਲ ਕਰਨਾ ਲਾਜ਼ਮੀ ਹੈ।

ਨਾਮਾਂਕਿਤ ਉਮੀਦਵਾਰਾਂ ਅਤੇ ਰਜਿਸਟਰਡ ਤੀਜੀ ਧਿਰ ਵਿਗਿਆਪਕਾਂ ਦੀ ਇੱਕ ਸੂਚੀ ਨਿਯਮਿਤ ਰੂਪ ਨਾਲ ਅੱਪਡੇਟ ਕੀਤੀ ਜਾਏਗੀ ਅਤੇ www.brampton.ca/BramptonVotes 'ਤੇ ਉਪਲਬਧ ਹੈ।

**ਹਵਾਲਾ**

"ਮਿਊਨਿਸਿਪਲ ਇਲੈਕਸ਼ਨਸ ਐਕਟ (Municipal Elections Act) ਵਿੱਚ ਹਾਲੀਆਂ ਤਬਦੀਲੀਆਂ ਵਿੱਚ ਉਮੀਦਵਾਰਾਂ ਲਈ ਨਾਮਾਂਕਨ ਦੀ ਘੱਟ ਮਿਆਦ ਅਤੇ ਤੀਜੀ ਧਿਰ ਦੇ ਵਿਗਿਆਪਨ ਨਿਯਮਾਂ ਦਾ ਵਾਧਾ ਸ਼ਾਮਲ ਹੈ। ਇਹ ਜ਼ਰੂਰੀ ਹੈ ਕਿ ਸੰਭਾਵੀ ਉਮੀਦਵਾਰ ਅਤੇ ਤੀਜੀ ਧਿਰ ਵਿਗਿਆਪਕ ਖੁਦ ਨੂੰ ਕਨੂੰਨ ਤੋਂ ਅਤੇ ਇਸ ਗੱਲ ਤੋਂ ਜਾਣੂ ਕਰਵਾਉਣ ਕਿ ਚੋਣਾਂ ਸਬੰਧੀ ਕਿਸੇ ਮੁਹਿੰਮ ਦੇ ਦੌਰਾਨ ਉਹਨਾਂ ਤੋਂ ਕੀ ਆਸ ਕੀਤੀ ਜਾਂਦੀ ਹੈ।"

- *ਪੀਟਰ ਫੇ (Peter Fay), ਸਿਟੀ ਕਲਰਕ ਅਤੇ ਰਿਟਰਨਿੰਗ ਅਫ਼ਸਰ*

ਹੋਰ ਜਾਣਕਾਰੀ ਲਈ, www.brampton.ca/BramptonVotes 'ਤੇ ਚੋਣਾਂ ਪੰਨੇ 'ਤੇ ਜਾਓ ਜਾਂ 311 'ਤੇ ਕਾਲ ਕਰੋ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ

BRAMPTON Flower City brampton.ca

media release

ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca